ਜੇਕਰ ਨਹੀਂ ਸੁਣ ਰਿਹਾ ਸਰਕਾਰੀ ਗੈਰਸਰਕਾਰੀ ਦਫਤਰ ਵਿੱਚ ਤੁਹਾਡੀ
ਜਾਂ ਹੋ ਚੁੱਕੇ ਹੋ
ਠੱਗੀ ਦਾ ਸ਼ਿਕਾਰ
ਕਰੋ ਇਕ ਫੋਨ ਸਾਡੇ ਪੱਤਰਕਾਰ ਤੁਹਾਡੀ ਪਰੇਸ਼ਾਨੀ ਪਹੁੰਚਾਉਣਗੇ ਉਚ ਅਧਿਕਾਰੀਆਂ ਤੇ ਪ੍ਰਸ਼ਾਸਨ ਤੱਕ ਟੋਲ ਫਰੀ ਨੰ:-
0181-2211009

ਰੋਜ਼ਾਨਾ

# ਲੋਕ ਬਾਣੀ

ਸੱਚ ਤੇ ਨਿਡਰ ਆਵਾਜ

Email : lokbani08@gmail.com

16 ਫਰਵਰੀ 2023

ਮੁੱਖ ਸੰਪਾਦਕ : - ਅਮਨ ਮਹਿਰਾ (ਜਲੰਧਰ)

ਰੋਜ਼ਾਨਾ 'ਲੋਕ ਬਾਣੀ' ਨਿਊਜ਼ ਨੂੰ
ਪੱਤਰਕਾਰਾਂ
ਦੀ ਲੋੜ
ਸੰਪਰਕ ਕਰੋ
99155-94111
ਪਤਾ :- ਸੰਗਮ ਕੰਪਲੈਕਸ, ਨੇੜੇ ਮਿਲਾਪ ਚੌਕ, ਜਲੰਧਰ (ਪੰਜਾਬ)



R.N.I. /Punpun/29016/2008/ ● ਸਾਲ : 15 ● ਅੰਕ : 49 ● ਮੁੱਲ : 5.00 ਰੁਪਏ ● ਕੁੱਲ ਪੇਜ : 10 ● ਫੈਕਸ: 0181-2211009, 99155-94111

## ਕਈ ਦਿਨ ਬਾਅਦ ਵੀ ਤੁਰਕੀ ਦੀਆਂ ਇਮਾਰਤਾਂ ਵਿਚੋਂ ਜਿੰਦਾ ਨਿਕਲ ਰਹੇ ਲੋਕ

**ਅੰਤਾਕਯਾ/ਲੋਕ ਬਾਣੀ**

ਤੁਰਕੀ 'ਚ ਪਿਛਲੇ ਸੋਮਵਾਰ ਨੂੰ ਆਏ ਵਿਨਾਸ਼ਕਾਰੀ ਭੂਚਾਲ ਨਾਲ ਬੁਰੀ ਤਰਾਂ ਪ੍ਰਭਾਵਿਤ ਤਿੰਨ ਸੂਬਿਆਂ ਵਿਚ ਮਲਬੇ 'ਚ ਦੱਬੇ ਲੋਕਾਂ ਤੱਕ ਪਹੁੰਚਣ ਲਈ ਬਚਾਅ ਕਰਮੀ ਅੱਜ ਵੀ ਕੰਮ ਵਿਚ ਲੱਗੇ ਰਹੇ। ਦੱਖਣੀ-ਪੂਰਬੀ ਤੁਰਕੀ ਅਤੇ ਉੱਤਰੀ ਸੀਰੀਆ 'ਚ 6 ਫਰਵਰੀ ਨੂੰ 9 ਘੰਟੇ ਦੇ ਵਕਫੇ ਮਗਰੋਂ ਆਏ 7.8 ਅਤੇ 7.5 ਤੀਬਰਤਾ ਦੇ ਭੂਚਾਲ ਨਾਲ ਮਰਨ ਵਾਲਿਆਂ ਦੀ ਗਿਣਤੀ 37,000 ਤੋਂ ਜ਼ਿਆਦਾ ਹੋ ਗਈ ਹੈ ਅਤੇ ਖੋਜੀ ਟੀਮਾਂ ਨੂੰ ਹੋਰ ਲਾਸ਼ਾਂ ਮਿਲਣ ਕਾਰਨ ਇਸ ਗਿਣਤੀ ਦਾ ਵਧਣਾ ਤੈਅ ਹੈ।

ਆਦਿਯਾਮਨ ਸੂਬੇ ਵਿਚ ਬਚਾਅ ਕਰਮੀ 18 ਸਾਲਾ ਮੁਹੰਮਦ ਕੈਫਰ ਸੇਟਿਨ ਨਾਮੀ ਵਿਅਕਤੀ ਤੱਕ ਪਹੁੰਚੇ ਅਤੇ ਇਕ ਇਮਾਰਤ 'ਚੋਂ ਖਤਰਨਾਕ ਨਿਕਾਸੀ ਦੀ ਕੋਸ਼ਿਸ਼ ਕਰਨ ਤੋਂ ਪਹਿਲਾਂ ਡਾਕਟਰਾਂ ਨੇ ਉਸ ਨੂੰ ਤਰਲ ਪਦਾਰਥ ਦਿੱਤਾ। ਮੈਡੀਕਲ ਮੁਲਾਜ਼ਮਾਂ ਨੇ ਗਰਦਨ ਵਿਚ ਬ੍ਰੇਸ ਲਗਾਉਣ ਲਈ ਉਸ ਨੂੰ ਘੇਰ ਲਿਆ ਅਤੇ ਉਸ ਨੂੰ ਆਕਜੀਸਨ ਮਾਸਕ ਦੇ



ਨਾਲ ਸਟ੍ਰੇਚਰ 'ਤੇ ਲਿਟਾਇਆ ਗਿਆ ਅਤੇ ਇਸ ਤਰਾਂ 199ਵੇਂ ਘੰਟੇ 'ਚ ਉਸ ਨੇ ਦਿਨ ਦੀ ਰੌਸ਼ਨੀ ਦੇਖੀ। ਭੂਚਾਲ ਦੇ ਲਗਭਗ 198 ਘੰਟੇ ਬਾਅਦ ਮੰਗਲਵਾਰ ਨੂੰ ਭੂਚਾਲ ਦੇ ਕੇਂਦਰ ਨੇੜੇ ਕੇਂਦਰੀ ਕਹਰਮਨਮਾਰਸ ਵਿਚ ਨਸ਼ਟ ਹੋਈ ਇਕ ਇਮਾਰਤ ਤੋਂ 2 ਹੋਰ ਲੋਕਾਂ ਨੂੰ ਬਚਾਇਆ ਗਿਆ। ਇਨਾਂ 'ਚੋਂ ਇਕ 17 ਸਾਲਾ ਮੁਹੰਮਦ ਐਨਸ ਸੀ, ਜਿਸ ਨੂੰ ਇਕ ਥਰਮਲ ਕੰਬਲ ਵਿਚ ਲਪੇਟਿਆ ਗਿਆ ਅਤੇ ਇਸ ਸਟ੍ਰੇਚਰ ਰਾਹੀਂ ਐਂਬੂਲੈਂਸ 'ਚ ਲਿਜਾਇਆ ਗਿਆ।

## ਕਾਬੁਲ ਵਿੱਚ ਹਮਲੇ ਦੌਰਾਨ ਕਈ ਅੱਤਵਾਦੀ ਮਾਰੇ ਗਏ

**ਕਾਬੁਲ/ਲੋਕ ਬਾਣੀ**

ਅਫਗਾਨ ਫੋਰਸਾਂ ਨੇ ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਦੇ ਪੁਲਸ ਜ਼ਿਲਾ 8 'ਚ ਅੱਤਵਾਦੀ ਸੰਗਠਨ ਇਸਲਾਮਿਕ ਸਟੇਟ (ਆਈ. ਐੱਸ.) ਦੇ ਇਕ ਟਿਕਾਣੇ 'ਤੇ ਹਮਲਾ ਕੀਤਾ, ਜਿਸ ਵਿੱਚ ਕਈ ਅੱਤਵਾਦੀ ਮਾਰੇ ਗਏ। ਮਰਨ ਵਾਲਿਆਂ 'ਚ ਕਈ ਵਿਦੇਸ਼ੀ ਅੱਤਵਾਦੀ ਵੀ ਸ਼ਾਮਲ ਹਨ, ਹਾਲਾਂਕਿ ਉਨਾਂ ਦੀ ਪਛਾਣ ਦਾ ਖੁਲਾਸਾ ਨਹੀਂ ਕੀਤਾ ਗਿਆ। ਤਾਲਿਬਾਨ ਦੇ ਮੁੱਖ ਬੁਲਾਰੇ ਜ਼ਬੀਹੁੱਲਾਹ ਮੁਜਾਹਿਦ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਕਾਬੁਲ ਵਿੱਚ ਹਾਲ ਦੇ ਅੱਤਵਾਦੀ ਹਮਲਿਆਂ 'ਚ ਸ਼ਾਮਲ ਸਨ।



ਉਨਾਂ ਆਪਣੇ ਟਵਿੱਟਰ ਅਕਾਊਂਟ 'ਤੇ ਕਿਹਾ ਕਿ ਮੁਹਿੰਮ ਵਾਲੀ ਥਾਂ ਰਿਹਾਇਸ਼ੀ ਇਲਾਕੇ ਵਿੱਚ ਹੈ, ਇਸ ਲਈ ਸਥਾਨਕ ਲੋਕਾਂ ਦੀ ਸੁਰੱਖਿਆ ਲਈ ਮੁਹਿੰਮ ਹੌਲੀ-ਹੌਲੀ ਅਤੇ ਸਾਵਧਾਨੀ ਨਾਲ ਚਲਾਈ ਗਈ। ਮੁਜਾਹਿਦ ਨੇ ਕਿਹਾ ਕਿ ਆਈ. ਐੱਸ. ਅੱਤਵਾਦੀ

## ਐਨ.ਆਈ.ਏ ਨੇ ਲੰਡਾ 'ਤੇ ਰੱਖਿਆ 15 ਲੱਖ ਦਾ ਇਨਾਮ

**ਜਲੰਧਰ/ਰਾਕੇਸ਼ ਵਰਮਾ**

ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਅੱਜ ਭਗੌੜੇ ਦਹਿਸ਼ਤੀ ਮੁਲਜ਼ਮ ਲਖਬੀਰ ਸਿੰਘ ਸੰਧੂ ਉਰਫ਼ ਲੰਡਾ ਖ਼ਿਲਾਫ਼ 15 ਲੱਖ ਰੁਪਏ ਦੇ ਨਕਦ ਇਨਾਮ ਦਾ ਐਲਾਨ ਕੀਤਾ ਹੈ। ਪੰਜਾਬ ਦੇ ਤਰਨਤਾਰਨ ਜ਼ਿਲੇ ਦੇ ਪਿੰਡ ਹਰੀਕੇ ਦਾ ਵਸਨੀਕ ਲੰਡਾ ਇਸ ਸਮੇਂ ਕੈਨੇਡਾ ਦੇ ਅਲਬਰਟਾ ਸੂਬੇ ਦੇ ਐਡਮਿੰਟਨ ਸ਼ਹਿਰ ਵਿਚ ਰਹਿ ਰਿਹਾ ਹੈ।

## ਕਰਨਾਲ 'ਚ ਕੈਦੀ ਹੋਇਆ ਹਸਪਤਾਲ ਵਿਚੋਂ ਫਰਾਰ

**ਕਰਨਾਲ/ਲੋਕ ਬਾਣੀ**

ਚੋਰੀ ਦੇ ਮਾਮਲੇ ਵਿਚ ਕਰਨਾਲ ਜੇਲ ਵਿਚ ਬੰਦ ਕੈਦੀ ਇਲਾਜ ਦੌਰਾਨ ਕਲਪਨਾ ਚਾਵਲਾ ਮੈਡੀਕਲ ਕਾਲਜ ਤੇ ਹਸਪਤਾਲ ਵਿੱਚੋਂ ਅੱਜ ਸਵੇਰੇ ਤੜਕ ਸਾਰ ਪੁਲਿਸ ਗਾਰਦ ਵਿਚ ਲਗੇ 4 ਪੁਲਿਸ ਮੁਲਾਜਮਾਂ ਦੀਆਂ ਅੱਖਾਂ 'ਚ ਘੱਟਾ ਪਾ ਕੇ ਫ਼ਰਾਰ ਹੋ ਗਿਆ। ਫ਼ਰਾਰ ਕੈਦੀ ਨੇ ਬੀਤੇ ਦਿਨੀ ਜੇਲ ਵਿਚ ਫਾਹਾ ਲਗਾ ਕੇ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਸੀ, ਜਿਸ ਤੋਂ ਬਾਅਦ ਉਸ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਜਿਥੋਂ ਉਹ ਫ਼ਰਾਰ ਹੋ ਗਿਆ। ਪੁਲਿਸ ਨੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਕਰੋੜਾਂ ਦੀ ਹੈਰੋਇਨ ਮੁੰਬਈ ਹਵਾਈ ਅੱਡੇ ਤੋਂ ਕਾਬੂ



**ਮਹਾਰਾਸ਼ਟਰ/ਲੋਕ ਬਾਣੀ**

ਡੀ.ਆਰ.ਆਈ. ਮੁੰਬਈ ਨੇ ਹਰਾਰੇ ਤੋਂ ਆਈ ਇਕ ਭਾਰਤੀ ਮਹਿਲਾ ਯਾਤਰੀ ਨੂੰ ਰੋਕਿਆ ਅਤੇ ਉਸ ਕੋਲੋਂ 11.94 ਕਿਲੋਗ੍ਰਾਮ ਕ੍ਰੀਮਿਸ਼ ਰੰਗ ਦੇ ਦਾਣੇ ਬਰਾਮਦ ਕੀਤੇ, ਜਿਸ ਵਿਚ ਹੈਰੋਇਨ ਦੀ ਮੌਜੂਦਗੀ ਲਈ ਪਦਾਰਥ ਪਾਜ਼ਟਿਵ ਪਾਇਆ ਗਿਆ। ਜ਼ਬਤ ਕੀਤੇ ਗਏ ਐਨ.ਡੀ.ਪੀ.ਐਸ. ਪਦਾਰਥ ਦੀ ਅੰਤਰਰਾਸ਼ਟਰੀ ਬਾਜ਼ਾਰ ਵਿਚ ਕੀਮਤ ਲਗਭਗ 84 ਕਰੋੜ ਰੁਪਏ ਹੈ। ਉਨਾਂ ਦੱਸਿਆ ਕਿ ਯਾਤਰੀ ਸਮੇਤ ਹੋਰ 2 ਪ੍ਰਾਪਤਕਰਤਾਵਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਅਗਲੇਰੀ ਜਾਂਚ ਜਾਰੀ ਹੈ।

## ਬੀਜੇਪੀ ਸਿਆਸੀ ਬਦਲਾਖੋਰੀ ਦੀ ਭਾਵਨਾ ਨਾਲ ਸਰਕਾਰ ਚਲਾ ਰਹੀ : ਮਮਤਾ ਬੈਨਰਜੀ

**ਕੋਲਕਾਤਾ/ਲੋਕ ਬਾਣੀ**



ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਬੀ.ਬੀ.ਸੀ. ਇੰਡੀਆ 'ਤੇ ਆਮਦਨ ਕਰ ਸਰਵੇਖਣ ਬਾਰੇ ਬੋਲਦਿਆਂ ਕਿਹਾ ਕਿ ਇਹ ਮੰਦਭਾਗਾ ਹੈ। ਭਾਜਪਾ ਸਿਆਸੀ ਬਦਲਾਖੋਰੀ ਦੀ ਭਾਵਨਾ ਨਾਲ ਸਰਕਾਰ ਚਲਾ ਰਹੀ ਹੈ। ਇਸ ਨਾਲ ਪ੍ਰੈੱਸ ਦੀ ਆਜ਼ਾਦੀ ਪ੍ਰਭਾਵਿਤ ਹੋ ਰਹੀ ਹੈ। ਦੇਸ਼ ਵਿਚ ਕੋਈ ਮੀਡੀਆ ਨਹੀਂ ਬਚੇਗਾ। ਉਨਾਂ ਕਿਹਾ ਕਿ ਮੀਡੀਆ ਪਹਿਲਾਂ ਹੀ ਉਨਾਂ ਦੀ ਪਕੜ ਵਿਚ ਹੈ ਅਤੇ ਆਪਣੀ ਆਵਾਜ਼ ਨਹੀਂ ਚੁੱਕ ਸਕਦਾ।

## ਭਾਰਤੀ ਫੌਜ ਕਰ ਰਹੀ ਹੈ ਸੀਰੀਆ ਵਿੱਚ ਜਾ ਮਦਦ

**ਦਿੱਲੀ/ਕਪੂਰ**

ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਭੂਚਾਲ ਰਾਹਤ ਵਿਚ ਮਦਦ ਲਈ ਸੀਰੀਆ ਸਰਕਾਰ ਵਲੋਂ ਸੰਯੁਕਤ ਰਾਸ਼ਟਰ ਨੂੰ ਬੇਨਤੀ ਕੀਤੀ ਗਈ ਸੀ. ਜਿਸ 'ਤੇ ਯੂ.ਐਨ.ਡੀ.ਓ.ਐਫ. ਵਿਚ ਤਾਇਨਾਤ ਭਾਰਤੀ ਫ਼ੌਜ ਦੇ ਕਰਮਚਾਰੀਆਂ ਨੂੰ ਸਿੱਧੀ ਸਹਾਇਤਾ ਪ੍ਰਦਾਨ ਕਰਨ ਦੇ ਪ੍ਰਸਤਾਵ 'ਤੇ ਭਾਰਤ ਸਰਕਾਰ ਵਲੋਂ ਸਹਿਮਤੀ ਦਿੱਤੀ ਗਈ ਸੀ।



ਭਾਰਤੀ ਫ਼ੌਜ ਨੇ ਦੱਸਿਆ ਕਿ ਭਾਰਤੀ ਫੌਜ ਦੀ ਟੀਮ ਸੀਰੀਆ ਦੇ ਅਲੇਪੋ ਵਿਚ ਰਾਹਤ ਸਮੱਗਰੀ ਪਹੁੰਚਾ ਰਹੀ ਹੈ।

## ਪੰਜਾਬ ਵਿੱਚ ਹੁਣ ਦਰਜਾ ਚਾਰ ਕਰਮਚਾਰੀ ਚੜ੍ਹੇ ਪਾਣੀ ਵਾਲੀ ਟੈਂਕੀ 'ਤੇ

**ਚੰਡੀਗੜ/ਵਿਨੋਦ ਸ਼ਰਮਾ**

ਸਿੱਖਿਆ ਵਿਭਾਗ ਦੇ ਦਰਜਾ ਚਾਰ ਕਰਮਚਾਰੀ ਐਸੋਸੀਏਸ਼ਨ ਪੰਜਾਬ ਵਲੋਂ ਅਨੰਦਪੁਰ ਸਾਹਿਬ ਦੇ ਨਜ਼ਦੀਕ ਆਪਣੀਆਂ ਮੰਗਾਂ ਨੂੰ ਲੈ ਕੇ ਮਿਢਵਾ/ਬੱਢਲ ਵਾਟਰ ਬਾਕਸ ਪਾਣੀ ਵਾਲੀ ਟੈਂਕੀ 'ਤੇ ਸਵੇਰ ਤੋਂ ਹੀ ਚੜ ਗਏ।ਦਰਜਾ ਚਾਰ ਕਰਮਚਾਰੀ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਵਿਜੇਪਾਲ ਬਿਲਾਸਪੁਰ ਨੇ ਦੱਸਿਆ ਕਿ ਦਸਵੀਂ ਪਾਸ ਦਰਜਾ ਚਾਰ ਕਰਮਚਾਰੀਆਂ ਦਾ ਟਾਇਪ ਟੈਸਟ ਅਤੇ ਐਸ. ਐਲ. ਦੀਆਂ ਪ੍ਰਮੋਸ਼ਨਾਂ ਦਰਜਾ ਚਾਰ ਦੀਆਂ ਅਡਜਸਟਮੈਂਟ ਕਰਨ ਅਤੇ ਰਹਿੰਦੇ ਕਰਮਚਾਰੀਆਂ ਦੀਆਂ ਬਦਲੀਆਂ ਕਰਨ ਲਈ ਕਿਹਾ ਗਿਆ ਹੈ ਪਰ ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਹਰ ਵਾਰੀ ਸਾਨੂੰ ਲਾਰੇ ਲਾ ਦਿੰਦੇ ਹਨ।

## ਤਾਮਿਲਨਾਡੂ 'ਚ 4 ਵਿਦਿਆਰਥੀਆਂ ਦੀ ਨਦੀ ਵਿੱਚ ਡੁੱਬਣ ਕਾਰਨ ਹੋਈ ਮੌਤ

**ਚੇਨੱਈ/ਲੋਕ ਬਾਣੀ**

ਕਰੂਰ ਪੁਲਿਸ ਤੋਂ ਮਿਲੀ ਜਾਣਕਾਰੀ ਅਨੁਸਾਰ ਸਰਕਾਰੀ ਮਿਡਲ ਸਕੂਲ ਵਿਰਾਲੀਮਲਾਈ ਪੁਡੁਕੋਟੀ ਜ਼ਿਲੇ ਦੀਆਂ ਚਾਰ ਵਿਦਿਆਰਥਣਾਂ ਦੀ ਸੈਰ-ਸਪਾਟਾ ਯਾਤਰਾ ਦੌਰਾਨ ਮਯਾਨੂਰ ਵਿਚ ਕਾਵੇਰੀ ਨਦੀ ਵਿਚ ਡੁੱਬਣ ਨਾਲ ਮੌਤ ਹੋ ਗਈ ਹੈ।



## ਭਾਰਤੀ ਰੇਲ ਹਾਦਸਾ, 6 ਡੱਬੇ ਉਤਰੇ ਪਟੜੀ ਤੋਂ

**ਹੈਦਰਾਬਾਦ/ਲੋਕ ਬਾਣੀ**

ਵਿਸ਼ਾਖਾਪਟਨਮ-ਸਿਕੰਦਰਾਬਾਦ ਗੋਦਾਵਰੀ ਐਕਸਪ੍ਰੈਸ ਦੇ ਛੇ ਡੱਬੇ ਅੱਜ ਤੇਲੰਗਾਨਾ ਦੇ ਬੀ.ਬੀ.ਨਗਰ ਨੇੜੇ ਪਟੜੀ ਤੋਂ ਉਤਰ ਗਏ। ਇਸ ਹਾਦਸੇ ਵਿਚ ਕਿਸੇ ਦੇ ਜ਼ਖ਼ਮੀ ਹੋਣ ਜਾਂ ਜਾਨੀ ਨੁਕਸਾਨ ਦੀ ਸੂਚਨਾ ਨਹੀਂ ਹੈ।



ਪੱਤਰਕਾਰਾਂ ਲਈ ਸੁਨਹਿਰਾ ਮੌਕਾ

ਪੰਜਾਬ ਦੇ ਹਰ ਜਿਲੇ ਤੋਂ ਰੋਜ਼ਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111